# ਦ: ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

## ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ

ਐਸ.ਸੀ ਓ ਨੰ:- 162-164, ਤੀਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:172-5041150

ਫੈਕਸ:0172-5043244 ਈ-ਮੇਲ: hoictadm@gmail.com


ਹੁਕਮ ਨੰ: 5/3-ICT-2011/Regular-CF/000491 ਮਿਤੀ: 31-1-13

ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ, (ਸਿੱਖਿਆ ਸ਼ਾਖਾ-7) ਦੇ ਮੀਮੋ ਨੰ: 1/49/2009-2ਸਿ7/9141-9184 ਮਿਤੀ 02-12-2010 ਅਤੇ ਨੋਟਿਫਿਕੇਸ਼ਨ ਦੇ ਮੀਮੋ ਨੰ: 1/49/2009-2ਸਿ7/5320-62 ਮਿਤੀ 20-12-2011 ਅਨੁਸਾਰ ਕੰਪਿਊਟਰ ਫੈਕਲਟੀ ਨੂੰ ਪੇ-ਬੈਂਡ 10300-34800+ਗਰੇਡ ਪੇ 5000 (ਸ਼ੁਰੂਆਤੀ ਤਨਖਾਹ 18450/-ਰੁਪਏ) ਜਮਾ ਪੰਜਾਬ ਸਰਕਾਰ ਵਲੋਂ ਮਿਲਣਯੋਗ ਭੱਤਿਆਂ ਸਹਿਤ ਨਿਮਨ ਲਿਖਤ ਸ਼ਰਤਾਂ ਤੇ ਰੈਗੂਲਰ ਪੇ ਸਕੇਲ ਦਿੱਤਾ ਜਾਂਦਾ ਹੈ। ਸਾਰੇ ਕਰਮਚਾਰੀਆਂ ਨੂੰ ਪੰਜਾਬ ਸੂਚਨਾ ਅਤੇ ਤਕਨਾਲੋਜੀ ਸਿੱਖਿਆ ਸੁਸਾਇਟੀ (ਪਿਕਟਸ) ਵਿੱਚ ਹੀ ਰੈਗੂਲਰ ਪੇ ਸਕੇਲ ਦਿੱਤਾ ਜਾਵੇਗਾ ਅਤੇ ਉਹਨਾਂ ਦੀ ਨਿਯੁਕਤੀ ਅਥਾਰਿਟੀ **ਡਾਇਰੈਕਟਰ ਜਨਰਲ ਸਕੂਲ ਸਿੱਖਿਆ**, ਪੰਜਾਬ ਹੋਣਗੇ ।

## ਕੰਪਿਊਟਰ ਫੈਕਲਟੀ ਦੀ ਸੂਚੀ

| Sr. no. | Employee Name | Father's Name | Address | Categeory | Date and order number during appointment on contract basis | Present School | Dirstrict |
|---|---|---|---|---|---|---|---|
| 1 | AJAYPAL SINGH | MOHINDER SINGH | Vill:Bariar, Po:Ghoman, Teh:Batala, Distt:Gurdaspur, pin code:143514 | SC | 2/1-2009/ICT/Rectt:-Apptt:-CT/65360, dated 1-Sept-2009 | GSSS CHHEHARTA | Amritsar |
| 2 | Neetu Arora | Mangat Ram Arora | Vikas Nagar , H no 338, Sec 1 , Block C , Mandi Gobindgarh | General | 2/1-2009/ICT/Rectt-Apptt.-CT/28288, dated 5-Mar-10 | GHS Faizullapur | Fatehgarh sahib |
| 3 | Sunder Maniam | Gurmit Singh | VPO Paddi Sura Singh, Tehsil Garhshankar, Distt Hoshiarpur | SC (R & O) | 2/1-2009/ICT/Rectt.-Apptt.-CT/65360, dated 1-Sept-2009 | GHS Possi | Hoshiarpur |
| 4 | Shally | Yashpal | H.No. 2 Gali no,3,Bajwa Colony Basti Peer Daad Jalandhar | SC | 2/1-2009/ICT/Rectt.-Apptt.-CT/2626 Dated - 21/01/2010, dated 21-Jan-10 | GSSS Dhapai | Kapurthala |
| 5 | Mrs. Seema | Mr. Kuldeep Chopra | 284, Lane No 1-A New SatnamPura Phagwara, Kapurthala | General | 2/1-2009/ICT/Rectt.-Apptt.-CT/65360, dated 1-Sep-09 | GSSS Mauli | Kapurthala |
| 6 | Sachin Singla | Parshotam Dass Singla | Gaurav Trading Company, Main Bazar, Bareta, Pin-151501 | General | Memo No:- 2/1-2009/ICT/Rectt.-Apptt.-CT/65360 dated 1-Sep-09 | GSSS Ramgarh Shahpurian | Mansa |
| 7 | Maninder kaur | S. Gurbachan Singh | Maninder Kaur c/o S.Hira Singh, Hira Coal Depot,Ner. Shiv Dairy ,Nanak Nagri Moga 142001 | BC | 2/1-2009/ICT/Rectt-Apptt-CT/2628 dated 21-Jan-10 | GSSS Kaliewala | Moga |
| 8 | Navneet Kaur | Surat Singh | VPO Karam Patti, Teh. Malout, Distt. Shri Muktsar Sahib | BC | 2/1-2009/ICT/Rectt-Apptt-CT/35125 dated 03-05-10 | GSSS Malout (B) | Sh. Muktsar Sahib |
| 9 | Sh. Baljinder Singh | Sh.Jamal Singh | Vill. Bonkar Dogran(Kapoor Singh wala).PO.Ladhowal, Tehsil&Distt Ludhiana | SC(R&O) | Memo No. 2/1-2009/ict/Rectt/Apptt/CT/24559 dated 9-Feb-10 | GHS Landhra | Jalandhar |
| 10 | Manjinder Singh | Jaswant Singh | 609-I Block, BRS Nagar Ludhiana | EX-SERVICEMAN | 2/1-2009/ICT/Rectt.-Apptt.-CT/2629 dated 21-Jan-10 | GHS Patti Multani | Ludhiana |
| 11 | JASPAL SINGH | TARA SINGH | NEAR OLD COURT COMLEX BUDHLADA | SC | 2/1-2009/ICT/Rectt.-Apptt.-CT/31584 dated 15-Apr-2010 | GSSS DASKA | SANGRUR |

# ਕੰਪਿਊਟਰ ਟੀਚਰ ਤੋਂ ਕੰਪਿਊਟਰ ਫੈਕਲਟੀ

| | | | | | | | |
|---|---|---|---|---|---|---|---|
| 1 | Amarjit Kaur | Sohan Lal Dardi | H.No.45-A,Street No.-13, New Pawan Nagar, Batal Road, Amritsar | General | Ref.No.10/14/ICT/Rec/083 166, dated 17-Mar-2005 | GSSS Bhakna Kalan | Amritsar |

# ਸਬਸਟੀਚਿਊਟ ਕੰਪਿਊਟਰ ਟੀਚਰ ਤੋਂ ਕੰਪਿਊਟਰ ਫੈਕਲਟੀ

| | | | | | | | |
|---|---|---|---|---|---|---|---|
| 1 | Suman | Sh. Tara Chand | H. No. 176, Sec 20 A , Motia Khan Mandi Gobindgarh | General | 5/3-ICT-2008/Rectt/Sub/ Teach/31106 dated 04.09.2008 | GSSS Sirhind mandi | FATEHGAR H SAHIB |
| 2 | Rajni Dhingra | Rajinder Dhingra | H. No. 25 Guru Ram Dass Nagar Near Troma Ward Fzr City | General | 5/3-ICT-2008/Rectt/Sub/Teach/32485 dated 12.09.2008 | GSSS Mallanwala Khas | Ferozepur |
| 3 | Natasha | Rakesh Kumar | W/o Sh. Ranjeet Kumar. H.no B-18/78,Moh Jatpura, New Abadi Kapurthala | OBC | 5/3-ICT-2008/Rectt./Sub Teach/29972, dated 1-Sep-08 | Dhaliwal Bet | Kapurthala |
| 4 | Surinder Pal | Boota Ram | VPO Karyam | SC(R&O) | 5/3-ICT-2008/Rectt/Sub/Teach/30455 dated 2-9-2008 | GHS Karyam | SBS Nagar |
| 5 | Lakhwinder Kumar | Hardev Kumar | VPO Bhaura | SC(R&O) | 5/3-ICT-2008/Rectt/Sub/Teach/29942 dated 1-9-2008 | GSSS Palli Jhikki | SBS Nagar |
| 6 | Vijay Kumar | SH.Devi Dyal | H.No 198 Mohalla Sagar Gate Banga | SC | 5/3-ICT-2008/Rectt/Sub/Teach/29952 dated 1-9-2008 | GSSS Gobindpur | SBS Nagar |
| 7 | Sandeep Kaur | Ram Krishan | VPO Karyam | SC(R&O) | 5/3-ICT-2008/Rectt/Sub/Teach/30451 dated 2-9-2008 | GSSS Musa pur | SBS Nagar |
| 8 | Neelam Kaur | Charan Singh | VPO Karyam | SC(R&O) | 5/3-ICT-2008/Rectt/Sub/Teach/30429 dated 2-9-2008 | GHS Simbal Majara | SBS Nagar |
| 9 | Kulwinder Kaur | S.Charan Singh | Vill.Main, P.O.Sullar,Distt Patiala | General | 5/3-ICT-2008/Rectt./ Sub Teach/29902 dated 1/9/2008 | G.H.S. Karhali | Patiala |
| 10 | Hem Lata | Onkar Nath | # 3122/1 47-D Chandigarh | General | 5/3 ICT-2008/Rectt/Sub Teach /29966 dated 1/9/2008 | GSSS Mianpur | Rupnagar |
| 11 | Gayatri Devi | Kasturi Lal Sharma | Gayatri Devi W.O Sanjay Sharma, Vihdha Ratanpal, V.P.O Dehlan, Distt. Una | General | 5/3-ICT-2008/Rectt./Sub Teach/30062 dated 1/9/2008 | GSSS Nangal(B) | Rupnagar |
| 12 | Mandeep Kaur | Darshan Singh | VPO Kishanpura Kalan, Distt. Moga | General | 5/3-ICT-2008/Rectt./Sub Teach/30561 dated 2-Sep-08 | GHS(G) Kishanpura Kalan | Moga |
| 13 | Gurpiar Singh | Surjit Singh | ST.NO.8B/2 DASHMESH NAGAR ASR.ROAD.MOGA | General | 5/3-ICT-2008/Rectt./Sub Teach/31497 dated 4/9/2008 | GSSS Badhani Kalan | Moga |
| 14 | Bhupinder Singh | Bakhtawar Singh | Vill-Fatehpur Bhangwan. P.O-Poonian Teh-Shahkot (Jalandhar) | General | 5/3-ICT/2008/Rectt./Sub Teach/31368, Dated : 04-09-2008 | G.H.S. Mundi Kasu | Jalandhar |
| 15 | Sunita Kakkar | Mathra Dass | Jalalabad (w) | General | 5/3-ICT/2008/Rectt./Sub Teach/29937, Dated : 01-09-2008 | G.H.S Chak Saido Ke | Fazilka |

**ਸ਼ਰਤਾਂ :**

1. ਕਰਮਚਾਰੀ ਦਾ ਕੰਮ ਅਤੇ ਆਚਰਣ ਨਿਯੁਕਤੀ ਦੀ ਮਿਤੀ ਤੋਂ ਤਸਲੀਬਖਸ਼ ਰਿਹਾ ਹੋਵੇ ।
2. ਕਰਮਚਾਰੀ ਦੇ ਖਿਲਾਫ ਕੋਈ ਪੁਲੀਸ ਤਫਤੀਸ਼/ਵਿਜੀਲੈਂਸ ਪੜਤਾਲ ਜਾਂ ਵਿਭਾਗੀ ਪੜਤਾਲ ਨਾ ਚੱਲ ਰਹੀ ਹੋਵੇ । ਇਸ ਸਬੰਧੰ ਪ੍ਰਾਰਥੀ ਵਲੋਂ ਸਵੈ ਘੋਸ਼ਣਾ ਪੱਤਰ ਦਿੱਤਾ ਜਾਵੇ ।
3. ਕਰਮਚਾਰੀ ਦੀਆਂ ਪ੍ਰੋਫਾਰਮੈਂਸ ਰਿਪੋਰਟਾਂ ਅਤੇ ਨਤੀਜੇ ਠੀਕ ਹੋਣੇ ਚਾਹੀਦੇ ਹਨ ।
4. ਕਰਮਚਾਰੀ ਭਾਰਤ ਦੇ ਸੰਵਿਧਾਨ ਪ੍ਰਤੀ ਵਚਨਬਧ ਰਹਿਣ ਦੀ ਸਹੁੰ ਚੁੱਕਣ ਸਬੰਧੀ ਹਲਫਨਾਮਾ ਦੇਵੇਗਾ/ਦੇਵੇਗੀ ।
5. ਇਹ ਨਿਯੁਕਤੀ ਦੋ ਸਾਲਾਂ ਤੱਕ ਪਰਖ ਸਮੇਂ ਲਈ (ਪ੍ਰੋਬੇਸ਼ਨਰੀ) ਹੋਵੇਗੀ । ਇਸ ਸਮੇ ਦੌਰਾਨ ਜੇਕਰ ਕਰਮਚਾਰੀ ਦਾ ਕੰਮ ਅ… ਆਚਰਣ ਠੀਕ ਨਾ ਪਾਇਆ ਗਿਆ ਤਾਂ ਬਿਨਾਂ ਨੋਟਿਸ ਦਿੱਤੇ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਜਾਵੇਗਾ ।

6. ਕਰਮਚਾਰੀ ਦੇ ਚਾਲਚਲਨ ਸਬੰਧੀ ਤਸਦੀਕ ਸਬੰਧਤ ਜਿਲ੍ਹਾ ਮੈਜਿਸਟ੍ਰੇਟ ਤੋਂ ਕਰਵਾਉਣ ਉਪਰੰਤ ਮੰਨੀ ਜਾਵੇਗੀ ।

7. ਕਰਮਚਾਰੀ ਕੰਪਿਊਟਰ ਫੈਲਟੀ ਦੀ ਪੋਸਟ ਲਈ ਨਿਰਧਾਰਿਤ ਵਿਦਿਅਕ ਯੋਗਤਾਵਾਂ ਅਤੇ ਸਮੇਂ ਸਮੇਂ ਤੇ ਪਿਕਟਸ ਦੁਆਰਾ ਕੀਤੀ ਗਈ ਭਰਤੀ ਲਈ ਨਿਰਧਾਰਿਤ ਸ਼ਰਤਾਂ ਪੂਰੀਆਂ ਕਰਦਾ ਹੋਵੇ । ਜੇਕਰ ਕਰਮਚਾਰੀ ਦਾ ਕੋਈ ਸਰਟੀਫਿਕੇਟ ਜਾਂ ਦਸਤਾਵੇਜ ਜਾਅਲੀ ਪਾਇਆ ਜਾਂਦਾ ਹੈ ਤਾਂ ਕਰਮਚਾਰੀ ਨੂੰ ਬਿਨਾਂ ਕਿਸੀ ਕਾਰਨ ਦਸੇ ਨੋਟਿਸ ਦੇ ਸੇਵਾ ਤੋਂ ਬਰਖਾਸਤ ਕਰ ਦਿੱਤਾ ਜਾਵੇਗਾ।

8. ਕਰਮਚਾਰੀ ਨੂੰ ਸਿੱਖਿਆ ਵਿਭਾਗ/ਪੰਜਾਬ ਸਰਕਾਰ ਦੁਆਰਾ ਲਗਾਏ ਗਏ ਊਰੀਐਂਟੇਸ਼ਨ ਕੋਰਸ/ਸੈਮੀਨਾਰ ਅਟੈਂਡ ਕਰਨੇ ਪੈਣਗੇ ਭਾਵੇਂ ਇਹ ਕੋਰਸ ਪੰਜਾਬ ਰਾਜ ਜਾਂ ਪੰਜਾਬ ਰਾਜ ਤੋਂ ਬਾਹਰ ਲਗਾਏ ਗਏ ਹੋਣ ਅਤੇ ਭਾਵੇਂ ਇਹ ਕੋਰਸ ਛੁਟੀ ਵਾਲੇ ਦਿਨ ਜਾਂ ਛੁੱਟੀਆਂ ਦੌਰਾਨ ਲਗਾਏ ਗਏ ਹੋਣ, ਅਟੈਂਡ ਕਰਨੇ ਜਰੂਰੀ ਹੋਣਗੇ ।

9. ਕਰਮਚਾਰੀ ਨੂੰ ਰਾਜ ਦੇ ਕਿਸੇ ਵੀ ਸਕੂਲ ਵਿੱਚ ਨਿਯੁਕਤ ਕੀਤਾ ਜਾ ਸਕਦਾ ਹੈ ਅਤੇ ਪਿਕਟਸ ਵਲੋਂ ਸਮੇ-ਸਮੇ ਤੇ ਜਾਰੀ ਬਦਲੀਆਂ/ਤੈਨਾਤੀਆਂ ਦੀ ਲਾਗੂ ਕੀਤੀ ਜਾਣ ਵਾਲੀ ਪਾਲਿਸੀ ਇਹਨਾਂ ਕਰਮਚਾਰੀਆਂ ਤੇ ਲਾਗੂ ਹੋਵੇਗੀ ।

10. ਕਰਮਚਾਰੀ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਦੁਆਰਾ ਸੌਂਪੀ ਗਈ ਕੋਈ ਵੀ ਜਿੰਮੇਵਾਰੀ ਜਿਸ ਵਿੱਚ ਇਨਵਿਜੀਲੇਟਰ, ਸੁਪਰਵਾਈਜਰ, ਸੁਪਰਡੰਟ, ਸਬ ਐਗਜਾਮੀਨਰ, ਹੈਡ ਐਗਜਾਮੀਨਰ ਜਾਂ ਸਕੂਲ ਦੇ ਕੰਟਰੋਲਰ ਵਜੋਂ ਦਿੱਤੀ ਗਈ ਜਿੰਮੇਵਾਰੀ, ਸਕੂਲ ਦੀਆਂ ਜਿੰਮੇਵਾਰੀਆਂ ਦੇ ਇੱਕ ਹਿੱਸੇ ਵਜੋਂ ਨਿਭਾਉਣੀ ਪਵੇਗੀ ।

11. ਕਰਮਚਾਰੀ ਪਹਿਲਾਂ ਪ੍ਰਵਾਨਗੀ ਲਏ ਬਿਨਾਂ ਕਿਸੇ ਪ੍ਰਕਾਰ ਦੀ ਉਚੇਰੀ ਸਿੱਖਿਆ ਹਾਸਲ ਨਹੀਂ ਕਰੇਗਾ/ਕਰੇਗੀ ।

12. ਪਿਕਟਸ ਵਿੱਚ ਰੈਗੂਲਰ ਪੇ ਸਕੇਲ ਤੇ ਨਿਯੁਕਤੀ ਹੋਣ ਤੋਂ ਬਾਅਦ ਈ.ਪੀ.ਐਫ ਦੀ ਕਟੌਤੀ ਪਹਿਲੇ ਦੀ ਤਰਾਂ ਲਾਗੂ ਹੋਵੇਗੀ ਅਤੇ ਜਾਰੀ ਰਹੇਗੀ ।

13. ਕਰਮਚਾਰੀ ਨੂੰ ਅਚਨਚੇਤ ਛੁੱਟੀਆਂ ਅਤੇ ਹੋਰ ਛੁੱਟੀਆਂ ਪੰਜਾਬ ਸਿਵਲ ਸਰਵਿਸ ਰੂਲਜ਼ ਦੇ ਮੁਤਾਬਿਕ ਮਿਲਣਗੀਆਂ ।

14. ਜੇਕਰ ਉਸ ਨੇ ਕਿਸੇ ਮੌਕੇ ਤੇ ਆਪਣੀ ਨੌਕਰੀ ਤੋਂ ਅਸਤੀਫਾ ਦੇਣਾ ਹੋਵੇ, ਤਾਂ ਉਸ ਲਈ ਲਾਜਮੀ ਹੋਵੇਗਾ ਕਿ ਉਹ ਇੱਕ ਮਹੀਨੇ ਦਾ ਨੋਟਿਸ ਦੇਵੇ ਜਾਂ ਉਸਦੇ ਬਦਲੇ ਇੱਕ ਮਹੀਨੇ ਦੀ ਤਨਖਾਹ ਸਮੇਤ ਭੱਤਿਆਂ ਦੇ ਜਾਂ ਉਤਨੇ ਦਿਨਾਂ ਜਿਤਨੇ ਦਿਨ ਮਹੀਨੇ ਤੋਂ ਘੱਟ ਹੋਣਗੇ, ਤਨਖਾਹ ਸਮੇਂ ਭੱਤਿਆਂ ਦੇ ਜਮਾਂ ਕਰਵਾਏਗਾ ਜੇਕਰ ਕਿਸੇ ਕਾਰਨ ਕਰਕੇ ਸਰਕਾਰ ਵਲੋਂ ਉਸ ਨੂੰ ਨੌਕਰੀ ਤੋਂ ਜਵਾਬ ਦੇਣ ਦੀ ਤਜਵੀਜ਼ ਹੋਈ ਤਾਂ ਸਰਕਾਰ ਵੀ ਉਸ ਨੂੰ ਅਜਿਹਾ ਨੋਟਿਸ ਦੇਵੇਗੀ ਜਾਂ ਜਿਤਨੇ ਦਿਨ ਮਹੀਨੇ ਤੋਂ ਘੱਟ ਹੋਣਗੇ, ਉਤਨੇ ਦਿਨਾਂ ਦੀ ਤਨਖਾਹ ਸਮੇਤ ਭੱਤਿਆਂ ਦੇ ਦੇਵੇਗੀ, ਪਰੰਤੂ ਦੁਰਾਚਾਰ ਦੀ ਸੂਰਤ ਵਿੱਚ ਉਸ ਨੂੰ ਨੌਕਰੀ ਤੋਂ ਹਟਾਉਣ ਤੋਂ ਪਹਿਲਾਂ ਆਪਣੀ ਸਫਾਈ ਪੇਸ਼ ਕਰਨ ਦਾ ਯੋਗ ਮੌਕਾ ਦਿੱਤਾ ਜਾਵੇਗਾ ਅਤੇ ਅਜਿਹੀ ਸਥਿਤੀ ਵਿੱਚ ਇੱਕ ਮਹੀਨੇ ਦੇ ਨੋਟਿਸ ਵਾਲੀ ਸ਼ਰਤ ਲਾਗੂ ਨਹੀਂ ਹੋਵੇਗੀ ।

15. ਇਸ ਨਿਯੁਕਤੀ ਤੇ ਹਾਜਰ ਹੋਣ ਲਈ ਉਸ ਨੂੰ ਕੋਈ ਸਫਰ ਭੱਤਾ ਨਹੀਂ ਦਿੱਤਾ ਜਾਵੇਗਾ ।

16. ਉਸ ਨੂੰ ਵਿਆਹ ਹੋਣ ਦੀ ਸੂਰਤ ਵਿੱਚ ਉਸਦੀ ਇੱਕ ਪਤਨੀ ਜਿਉਂਦੀ ਹੈ ਅਤੇ ਜੇ ਉਸ ਦੀਆਂ ਇੱਕ ਤੋਂ ਵੱਧ ਪਤਨੀਆਂ ਹੋਣ ਤਾਂ ਉਸ ਨੂੰ ਇਸ ਸਬੰਧੀ ਉਚਿੱਤਤਾ ਸਿੱਧ ਕਰਨੀ ਹੋਵੇਗੀ ।

17. ਕਰਮਚਾਰੀ ਨੂੰ ਠੇਕੇ ਦੇ ਆਧਾਰ ਤੇ ਬਤੌਰ ਕੰਪਿਊਟਰ ਅਧਿਆਪਕ ਕੀਤੀ ਗਈ ਨੌਕਰੀ ਦਾ ਕੋਈ ਲਾਭ ਨਹੀਂ ਦਿੱਤਾ ਜਾਵੇਗਾ ਸਗੋਂ ਉਸਦੀ ਉਕਤ ਗ੍ਰੇਡ ਦੇ ਮੁੱਢਲੇ ਪੜਾਅ ਤੇ ਨਵੀਂ ਨਿਯੁਕਤੀ ਵਜੋਂ ਨਿਯੁਕਤੀ ਮਿਲੀ ਮੰਨਿਆਂ ਜਾਵੇਗੀ ।

18. ਕਰਮਚਾਰੀ ਪੰਜਾਬ ਸਰਕਾਰ ਦੇ ਆਚਰਣ ਨਿਯਮਾਂਵਾਲੀ 1966 ਅਤੇ ਪੰਜਾਬ ਸਿਵਲ ਸਰਵਿਸਜ (ਦੰਡ ਅਤੇ ਅਪੀਲ) ਰੂਲਜ਼ 1970 ਵਿੱਚ ਦਰਜ ਧਰਾਵਾਂ ਦਾ ਪਾਬੰਦ ਰਹਿਣਾ ਪਵੇਗਾ ।

19. ਕਰਮਚਾਰੀ ਦੀ ਸਰਵਿਸ ਪੰਜਾਬ ਸਿਵਲ ਸਰਵਸਿਜ਼ ਨਿਯਮਾਂ ਤਹਿਤ ਗਵਰਨ ਹੋਵੇਗੀ ।

20. ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ/ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਵਿਖੇ ਪੈਂਡਿੰਗ ਕਿਸੇ ਵ ਐਸ.ਐਲ.ਪੀ/ਰਿੱਟ ਪਟੀਸ਼ਨਾਂ ਦਾ ਜੋ ਅੰਤਿਮ ਫੈਸਲਾ ਹੋਵੇਗਾ ਇਹਨਾਂ ਕਰਮਚਾਰੀਆਂ ਤੇ ਲਾਗੂ ਹੋਵੇਗਾ ।

21. ਸਕੂਲ ਜਾਇਨ ਕਰਵਾਉਣ ਤੋਂ ਪਹਿਲਾਂ

   (i) ਉਮੀਦਵਾਰ ਦਾ ਪੂਰਵ-ਵਿਹਾਰ/ਆਚਰਣ ਜਿਲ੍ਹਾ ਮਜਿਸਟ੍ਰੇਟ ਰਾਹੀਂ ਵੇਰੀਫਾਈ ਕਰਵਾਇਆ ਜਾਵੇਗਾ ।

   (ii) ਸਬੰਧਤ ਸਿਵਲ ਸਰਜਨ ਤੋਂ ਮੈਡੀਕਲ ਕਰਵਾਇਆ ਜਾਵੇਗਾ ।

22. ਇਹ ਹੁਕਮ ਮੌਜੂਦਾ ਸਕੂਲ ਵਿੱਚ ਰੈਗੂਲਰ ਪੇ ਸਕੇਲ ਤੇ ਬਤੌਰ ਕੰਪਿਊਟਰ ਫੈਕਲਟੀ ਜੁਆਇਨ ਕਰਨ ਦੀ ਮਿਤੀ ਤੋਂ ਲਾਗੂ ਹੋਣਗੇ ।

[signature]

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ, ਚੰਡੀਗੜ੍ਹ**

ਪਿੱਠ ਅੰਕਣ ਨੰ: ਉਕਤ

ਮਿਤੀ ਚੰਡੀਗੜ੍ਹ: 81-1-13

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :

1. ਮੰਡਲ ਸਿੱਖਿਆ ਅਫਸਰ ਨਾਭਾ, ਜਲੰਧਰ ਅਤੇ ਫਰੀਦਕੋਟ ।
2. ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ।
3. ਸਬੰਧਤ ਜਿਲ੍ਹਾ ਮੈਜਿਸਟ੍ਰੇਟ, ਉਮੀਦਵਾਰ ਦਾ ਪੂਰਵ-ਵਿਹਾਰ ਵੈਰੀਫਾਈ ਕਰਨ ਉਪਰੰਤ ਤਸਦੀਕ ਜਾਰੀ ਕਰਨ ਹਿੱਤ ।
4. ਸਬੰਧਤ ਸਿਵਲ ਸਰਜਨ, ਉਮੀਦਵਾਰ ਦਾ ਮੈਡੀਕਲ ਕਰਨ ਉਪਰੰਤ ਤਸਦੀਕ ਜਾਰੀ ਕਰਨ ਹਿੱਤ ।
5. ਸਬੰਧਤ ਕਰਮਚਾਰੀ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ, ਚੰਡੀਗੜ੍ਹ